**ਸਿੱਖਾਂ ਦੀ ਚਿੰਤਾ**

ਇਸ ਵਾਰ ਗਣਤੰਤਰ ਦਿਵਸ ਭਾਵ 26 ਜਨਵਰੀ ਨੂੰ ਜਦ ਹਰ ਸਾਲ ਵਾਂਗ ਭਾਰਤ ਸਰਕਾਰ ਆਪਣੇ ਜਾਹੋ-ਜਲਾਲ ਦਾ ਪ੍ਰਦਰਸ਼ਨ ਕਰਦੀ ਹੈ ਉੱਥੇ ਭਾਰਤ ਦੀ ਸਰਬ ਧਰਮ ਦੇ ਏਕਤਾ ਦਾ ਵੀ ਪ੍ਰਗਟਾਵਾ ਹੁੰਦਾ ਹੈ। ਇਸ ਦਿਨ ਰਾਸ਼ਟਰਪਤੀ ਭਵਨ ਤੋਂ ਵਿਜੇ ਚੌਂਕ ਤੇ ਫਿਰ ਇੰਡੀਆ ਗੇਟ ਤੇ ਅਖੀਰ ਲਾਲ ਕਿਲ੍ਹੇ ਤੱਕ ਸ਼ਾਨਦਾਰ ਪਰੇਡ ਤੇ ਕਲਚਰਲ ਝਾਂਕੀਆਂ ਲੱਖਾਂ ਲੋਕਾਂ ਨੂੰ ਵਿਖਾਈਆਂ ਜਾਂਦੀਆਂ ਹਨ। ਹਰ ਟੀ.ਵੀ.ਚੈਨਲ 'ਤੇ ਸਾਰਾ ਪ੍ਰੋਗਰਾਮ ਸਾਰੇ ਵਿਸ਼ਵ ਵਿਚ ਲੋਕ ਵੇਖ ਕੇ ਅਨੰਦ ਮਾਣਦੇ ਹਨ। ਇਹ ਪ੍ਰੋਗਰਾਮ ਪਿਛਲੇ 50 ਸਾਲ ਤੋਂ ਵੱਧ ਸਮੇਂ ਤੋਂ ਭਾਰਤ ਦੀ ਪ੍ਰਤਿਭਾ ਦਾ ਪ੍ਰਤੀਕ ਬਣ ਚੁੱਕਾ ਹੈ। ਇਸ ਦੀ ਤਿਆਰੀ ਕਈ ਮਹੀਨੇ ਪਹਿਲਾਂ ਤੋਂ ਹੁੰਦੀ ਹੈ ਤੇ ਇਹ ਸਾਰਾ ਕੁਝ ਡੀਫੈਂਸ ਮੰਤਰਾਲੇ ਦੇ ਜ਼ਿੰਮੇ ਹੈ। ਹਰ ਸਾਲ ਕੋਈ ਵਿਦੇਸ਼ ਦਾ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਵਿਸ਼ੇਸ਼ ਮਹਿਮਾਨ ਹੁੰਦਾ ਹੈ। ਇਸ ਵਾਰ ਫਰਾਂਸ ਦਾ ਰਾਸ਼ਟਰਪਤੀ ਮੁੱਖ ਮਹਿਮਾਨ ਸੀ। ਪਿਛਲੇ ਸਾਲ ਅਮਰੀਕਾ ਦਾ ਰਾਸ਼ਟਰਪਤੀ ਬਰਾਕ ਉਬਾਮਾ ਆਇਆ ਸੀ। ਇਸ ਵਾਰ ਵੱਡੀ ਘਾਟ ਨਜ਼ਰ ਆਈ ਕਿ ਕੋਈ ਵੀ ਸਿੱਖ ਫ਼ੌਜ ਦੀ ਰੈਜਮੈਂਟ ਪਰੇਡ ਵਿਚ ਸ਼ਾਮਲ ਨਹੀਂ ਸੀ। ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ। ਦਰਜਨਾਂ ਪਲਟਨਾਂ, ਹਵਾਈ ਤੇ ਨੇਵੀ ਦੀਆਂ ਮਾਰਚ ਪਾਸਟ ਕਰਦੀਆਂ ਹਨ। ਇਹ ਪ੍ਰਤੱਖ ਸਚਾਈ ਹੈ ਕਿ ਸਿੱਖ ਫ਼ੌਜ ਦੀ ਸਾਰੇ ਵਿਸ਼ਵ ਵਿਚ ਬੀਰਤਾ ਦੀ ਪ੍ਰਸੰਸ਼ਾ ਹੈ। ਪਹਿਲੀ ਵਿਸ਼ਵ ਜੰਗ, ਦੂਜੀ ਵਿਸ਼ਵ ਜੰਗ ਵਿੱਚ ਸਭ ਤੋਂ ਵੱਧ ਇਹਨਾਂ ਨੇ ਯੂਰਪ ਵਿੱਚ ਬਹਾਦਰੀ ਵਿਖਾਈ ਸੀ। ਹੁਣੇ ਹੀ ਲੰਡਨ, ਪੈਰਸ, ਬੈਲਜ਼ੀਅਮ ਵਿੱਚ ਸਿੱਖਾਂ ਬਹਾਦਰਾਂ ਦੀ ਯਾਦ ਮਨਾਈ ਗਈ ਹੈ। ਭਾਰਤ ਵਿੱਚ ਹਰ ਯੁੱਧ 1948 ਵਿੱਚ ਕਸ਼ਮੀਰ, 1962 ਵਿੱਚ ਚੀਨ ਵਿਰੁੱਧ, 1965 ਨੂੰ ਪਾਕਿਸਤਾਨ ਨਾਲ ਲੜਾਈ ਤੇ ਫਿਰ 1972 ਵਿੱਚ ਬੰਗਲਾ ਦੇਸ਼ ਦੀ ਜਿੱਤ ਦਾ ਸਿਹਰਾ ਸਿੱਖ ਫ਼ੌਜੀਆਂ ਦੇ ਸਿਰ ਸੀ। ਜਨਰਲ ਜਗਜੀਤ ਸਿੰਘ ਅਰੋੜਾ ਦੇ ਸਾਹਮਣੇ ਪਾਕਿਸਤਾਨ ਜਨਰਲ ਨਿਆਜੀ ਨੇ ਹਥਿਆਰ ਰੱਖੇ ਸਨ। ਇਸ ਸਾਲ ਸਰਕਾਰ ਕਿਉਂ ਭੁੱਲ ਗਈ ਕਿ ਸਿੱਖ ਰੈਜਮੈਂਟ ਨੂੰ ਪਰੇਡ ਵਿਚ ਸ਼ਾਮਲ ਹੋਣਾ ਹੈ। ਸਿੱਖ ਲਾਈਟ ਇਨਫੈਂਟੀ ਦੀ ਰੈਜਮੈਂਟ ਕੋਲ ਸਭ ਤੋਂ ਵੱਧ ਬਹਾਦਰੀ ਦੇ ਮੈਡਲ ਹਨ। ਹਰ ਸਾਲ ਜਦ ਉਹ ਪਰੇਡ ਕਰਦੇ ਹਨ ਤਾਂ ਹਰ ਪਾਸੋਂ ਤਾੜੀਆਂ ਨਾਲ ਉਹਨਾਂ ਦਾ ਸਵਾਗਤ ਹੁੰਦਾ ਹੈ। ਇਸ ਵਾਰ ਇੱਕ ਹੋਰ ਜ਼ਰੂਰਤ ਸੀ ਕਿ ਫਰਾਂਸ ਵਿੱਚ ਸਿੱਖ ਵਿਦਿਆਰਥੀਆਂ ਦੀ ਪਗੜੀ ਦਾ ਮਸਲਾ ਚਲ ਰਿਹਾ ਹੈ। ਫਰਾਂਸ ਦੇ ਰਾਸ਼ਟਰਪਤੀ ਨੇ ਇਹ ਆਪ ਵੇਖਣਾ ਸੀ ਕਿ ਪਗੜੀ ਵਾਲੇ ਸਰਦਾਰ ਕਿਤਨੇ ਸੋਹਣੇ ਤੇ ਬਹਾਦਰ ਹਨ। ਇਸ ਘਟਨਾਂ ਨੇ ਸਾਰੇ ਵਿਸ਼ਵ ਵਿੱਚ ਚਿੰਤਾ ਦਾ ਵਿਸ਼ਾ ਸਿੱਖਾਂ ਦੇ ਮਨਾਂ ਵਿੱਚ ਬਣਾ ਦਿੱਤਾ ਹੈ। ਮੈਨੂੰ ਦਰਜਨਾਂ ਈ-ਮੇਲ ਟੈਲੀਫੋਨ ਆਏ ਹਨ, ਅਖ਼ਬਾਰਾਂ ਵਿੱਚ ਪ੍ਰੋਟੈਸਟ ਵੀ ਛਪੇ ਹਨ। ਇਸ ਚਿੰਤਾ ਵਿੱਚ ਇੱਕ ਹੋਰ ਘਟਨਾਂ ਵੀ ਸ਼ਾਮਲ ਹੈ। ਪਿਛਲੇ ਕਈ ਸਾਲਾਂ ਤੋਂ ਪੰਜਾਬ ਦੀ ਝਾਂਕੀ ਵੀ ਗਾਇਬ ਹੈ। ਹਰ ਸਟੇਟ ਨੂੰ ਆਪਣੀ ਮਰਜ਼ੀ ਦੀ ਝਾਂਕੀ ਮਿਲਦੀ ਹੈ, ਪੰਜਾਬ ਇਸ ਵਾਰ ਪਰੇਡ ਵਿੱਚ ਸ਼ਾਮਲ ਨਹੀਂ ਸੀ। ਪਤਾ ਲੱਗਾ ਹੈ ਕਿ ਵਿਰਾਸਤੇ ਖ਼ਾਲਸਾ ਅਨੰਦਪੁਰ ਸਾਹਿਬ ਦੀ ਝਾਂਕੀ ਪੰਜਾਬ ਵੱਲੋਂ ਸੀ ਪਰ ਪ੍ਰਵਾਨਗੀ ਨਹੀਂ ਮਿਲੀ। ਦਿੱਲੀ ਦੇ ਸਕੂਲਾਂ ਵੱਲੋਂ ਇੱਕ ਵੱਡਾ ਸ਼ੋਅ ਹੁੰਦਾ ਹੈ ਇਸ ਵਾਰ ਕੋਈ ਖ਼ਾਲਸਾ ਸਕੂਲ ਸ਼ਾਮਲ ਨਹੀਂ ਸੀ। ਮੈਂ ਕੋਈ ਫਿਰਕੂ ਮੰਗ ਨਹੀਂ ਰੱਖ ਰਿਹਾ। ਇਹ ਹੱਕੀ ਗੱਲਾਂ ਹਨ, ਜਿਸ ਬਾਰੇ ਚਰਚਾ ਹੋਣੀ ਜਾਇਜ਼ ਹੈ। ਵੈਸੇ ਦਿੱਲੀ ਵਿੱਚ ਜਦ ਸਿੱਖ ਗਰੁੱਪ ਇਕੱਠੇ ਬੈਠਦੇ ਹਨ ਤਾਂ ਬੜੀਆਂ ਗੱਲਾਂ ਕਈ ਵਿਸ਼ਿਆਂ 'ਤੇ ਹੋ ਰਹੀਆਂ ਹਨ। ਸਿੱਖ ਘੱਟ ਗਿਣਤੀ ਦੀ ਕੌਮ ਹੈ ਪਰ ਭਾਰਤ ਲਈ ਕੀਤੇ ਇਤਿਹਾਸਕ ਯੋਗਦਾਨ ਕਾਰਣ ਖਾਸ ਹੱਕ ਦੀ ਵੀ ਆਸ ਕਰਦਾ ਹੈ। ਸਾਰੇ ਭਾਰਤ ਵਿੱਚ ਕੋਈ ਵੀ ਸਿੱਖ ਗਵਰਨਰ ਜਾਂ ਲੈਫਟੀਨੈਂਟ ਗਵਰਨਰ ਨਹੀਂ ਹੈ। ਕੁਝ ਸਾਲ ਪਹਿਲਾਂ ਤਿੰਨ ਸਿੱਖ ਗਵਰਨਰ ਸਨ ਤੇ ਇੱਕ ਲੈਫਟੀਨੈਂਟ ਗਵਰਨਰ ਸੀ। ਹੋਰ ਤਾਂ ਹੋਰ ਕਿਸੇ ਸੈਂਟਰਲ ਯੂਨੀਵਰਸਿਟੀ ਵਿੱਚ ਇੱਕ ਵੀ ਸਿੱਖ ਵਾਈਸ ਚਾਂਸਲਰ ਨਹੀਂ ਹੈ। ਪੰਜਾਬ ਦੀ ਬਠਿੰਡੇ ਵਾਲੀ ਵਿੱਚ ਪਹਿਲਾਂ ਸਿੱਖ ਸੀ ਉਸ ਦੇ ਰੀਟਾਇਰ ਹੋਣ 'ਤੇ ਸਿੱਖ ਨਹੀਂ ਲਗਾਇਆ ਗਿਆ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਅੱਜ ਤੱਕ 60 ਸਾਲ ਤੋਂ ਕੋਈ ਸਿੱਖ ਵੀ.ਸੀ. ਨਹੀਂ ਲੱਗਿਆ ਹੈ। ਭਾਰਤ ਦੇ ਨੈਸ਼ਨਲ ਮਿਨਾਰਟੀ ਕਮਿਸ਼ਨ ਵਿੱਚ ਸਿੱਖ ਮੈਂਬਰ ਦੀ ਥਾਂ ਤਿੰਨ ਮਹੀਨੇ ਤੋਂ ਖਾਲੀ ਪਈ ਹੈ। ਮਿਨਾਰਟੀ ਐਜੂਕੇਸ਼ਨ ਕਮਿਸ਼ਨ ਵਿੱਚ ਪਿਛਲੇ ਸਾਲ ਸਿੱਖ ਮੈਂਬਰ ਦੀ ਥਾਂ 'ਤੇ ਮੁਸਲਮਾਨ ਲਗਾ ਦਿੱਤਾ ਗਿਆ ਸੀ। ਹੁਣ ਆ ਕੇ ਸਿੱਖ ਲਾਇਆ ਗਿਆ ਹੈ। ਸ਼ੈਡੂਲਕਾਸਟ ਕਮਿਸ਼ਨ, ਬੈਕਵਰਡ ਕਲਾਸ ਕਮਿਸ਼ਨ ਤੇ ਟਰਾਈਬਲ ਕਮਿਸ਼ਨ ਵਿੱਚ ਕੋਈ ਵੀ ਸਿੱਖ ਮੈਂਬਰ ਨਹੀਂ ਹੈ। ਹਿਊਮਨ ਰਾਈਟਸ ਕਮਿਸ਼ਨ ਵੀ ਬਿਨਾਂ ਸਿੱਖਾਂ ਮੈਂਬਰ ਤੋਂ ਹੈ। ਪੰਜ ਸੀਟਾਂ ਰਾਜ ਸਭਾ ਵਿੱਚ ਸਰਕਾਰ ਨੇ ਭਰਨੀਆਂ ਹਨ, ਇੱਕ ਸਿੱਖ ਇੱਥੇ ਹੋਣਾ ਚਾਹੀਦਾ ਹੈ। ਹਰਿਆਣਾ ਸਰਕਾਰ ਵਿੱਚ ਸਿੱਖ ਮੰਤਰੀ ਨਹੀਂ ਹੈ, ਇਹ ਪਹਿਲੀ ਵਾਰ ਹੀ ਹੋਇਆ ਇਹ ਸਭ ਨੂੰ ਪਤਾ ਹੈ ਕਿ ਅਕਾਲੀ ਪਾਰਟੀ ਭਾਜਪਾ ਦੇ ਨਾਲ ਸਹਿਯੋਗੀ ਹੈ। ਇਸ ਸਾਂਝ ਨੇ ਹਿੰਦੂ ਸਿੱਖ ਏਕਤਾ ਨੂੰ ਮਜ਼ਬੂਤ ਕੀਤਾ ਹੈ। ਜਦ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਲੰਡਨ ਗਏ ਸੀ ਉਹਨਾਂ ਸਿੱਖਾਂ ਦੇ ਇੱਕ ਵੱਡੇ ਡੈਪੂਟੇਸ਼ਨ ਨਾਲ ਖੁਲ੍ਹ ਕੇ ਮੁਲਾਕਾਤ ਕੀਤੀ ਸੀ ਜਿਸ ਦੀ ਸ਼ਲਾਘਾ ਹੋਈ ਸੀ। ਅਮਰੀਕਾ ਵਿੱਚ ਵੀ ਉਹ ਸਿੱਖਾਂ ਨੂੰ ਮਿਲੇ ਸੀ ਉਹਨਾਂ ਆਪਣੇ ਭਾਸ਼ਨਾਂ ਵਿੱਚ ਸਿੱਖਾਂ ਦੀ ਕੀਤੀ ਕੁਰਬਾਨੀ ਦਾ ਧੰਨਵਾਦ ਕੀਤਾ ਹੈ। ਮੋਦੀ ਜੀ ਇਸ ਵੇਲੇ ਪੂਰੀ ਸ਼ਕਤੀ ਵਾਲੇ ਪ੍ਰਧਾਨ ਮੰਤਰੀ ਹਨ ਉਹ ਦੇਸ਼ ਦੇ ਹਰ ਮਸਲੇ ਬਾਰੇ ਗੰਭੀਰ ਹਨ। ਉਹਨਾਂ ਨੂੰ ਪਤਾ ਹੈ ਕਿ ਸ੍ਰੀ ਅਟੱਲ ਬਿਹਾਰੀ ਵਾਜਪਾਈ ਜੀ ਨੇ ਸਿੱਖਾਂ ਨਾਲ ਪੂਰੀ ਨਿਭਾਈ ਸੀ ਉਹ ਹਰ ਸਿੱਖ ਸਮਾਗਮ ਵਿਚ ਸ਼ਾਮਲ ਸਨ। ਅਨੰਦਪੁਰ ਸਾਹਿਬ ਲਈ ਉਹਨਾਂ 100 ਕਰੋੜ ਰੁਪਏ ਦਿੱਤੇ ਸਨ। ਅੱਜ ਸਿੱਖਾਂ ਵਿੱਚ ਜੋ ਚਿੰਤਾਂ ਦੇ ਵਿਸ਼ੇ ਹਨ ਉਹਨਾਂ ਵੱਲ ਤੁਰੰਤ ਧਿਆਨ ਦੀ ਲੋੜ ਹੈ। ਸਿੱਖ ਹਮੇਸ਼ਾ ਭਾਰਤ ਦੀ ਖੜਗ ਭੁਜਾ ਹਨ, ਹਰ ਪੱਖੋਂ ਉਹਨਾਂ ਦੇਸ਼ ਦੀ ਰਾਖੀ ਕੀਤੀ ਹੈ। ਸਾਰੇ ਦੇਸ਼ ਨੂੰ ਅਨਾਜ਼ ਦਿੱਤਾ ਹੈ। ਸਰਕਾਰ ਕੋਈ ਉੱਚ-ਪੱਧਰੀ ਕਮੇਟੀ ਬਣਾ ਕੇ ਸਿੱਖ ਮੰਗਾਂ ਨੂੰ ਸਮਝਕੇ ਹੱਲ ਕਰੇ। ਬਾਬਾ ਬੰਦਾ ਸਿੰਘ ਬਹਾਦਰ ਦੇ 300 ਸਾਲਾ ਸ਼ਹੀਦੀ ਦਿਵਸ 'ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ 350 ਸਾਲਾ ਪ੍ਰਕਾਸ਼ ਉਤਸਵ ਨੂੰ ਸਰਕਾਰ ਵੱਲੋਂ ਇਤਿਹਾਸਕ ਅਵਸਰ ਵਜੋਂ ਮਨਾਉਣ ਦਾ ਐਲਾਨ ਕਰੇ।

ਤਰਲੋਚਨ ਸਿੰਘ

ਸਾਬਕਾ.ਐੱਮ.ਪੀ.

**tarlochan@tarlochansingh.com**